2025131301

ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ
091-ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ 242-ਬੀ, ਪਹਿਲੀ ਮੰਜਲ, ਮਿਨੀ ਸਕੱਤਰੇਤ, ਬਠਿੰਡਾ
email- ero-91@punjab.gov.in

ਪੱਤਰ ਨੰ:ਚੋਣਾਂ-2025/ 235
ਮਿਤੀ: 10/9/25

ਵੱਲ,

ਸਮੂਹ ਬੀ.ਐਲ.ਓਜ਼, ਗੋਨਿਆਣਾ ਮੰਡੀ/ ਭੁੱਚੋ ਮੰਡੀ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)

ਵਿਸ਼ਾ: ਸਾਲ 2003 ਅਤੇ 2025 ਦੀਆਂ ਵੋਟਾਂ ਦਾ ਮਿਲਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਾਲ 2003 ਅਤੇ 2025 ਦੀਆਂ ਵੋਟਾਂ ਦਾ ਮਿਲਾਨ ਦਾ ਕੰਮ ਕੀਤਾ ਜਾਣਾ ਹੈ। ਇਸ ਲਈ ਆਪ ਨੂੰ ਮਿਤੀ 09-09-2025 ਨੂੰ ਇਸ ਦਫਤਰ ਵਿਖੇ ਬੁਲਾਇਆ ਗਿਆ ਸੀ ਪ੍ਰੰਤੂ ਆਪ ਦੇ ਕੰਮ ਦੀ ਪ੍ਰਗਤੀ ਬਹੁਤ ਧੀਮੀ ਹੈ। ਇਸ ਲਈ ਗੋਨਿਆਣਾ/ ਭੁੱਚੋ ਮੰਡੀ ਦੇ ਸਾਰੇ ਬੀ.ਐਲ.ਓ. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅੱਜ 10-09-2025 ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਅਤੇ ਮਿਤੀ 11-09-2025 ਨੂੰ ਸਾਰਾ ਦਿਨ ਆਪ ਦੇ ਸਬੰਧਤ ਨਗਰ ਕੌਂਸਲ, ਗੋਨਿਆਣਾ ਮੰਡੀ ਅਤੇ ਭੁੱਚੋ ਮੰਡੀ ਦੇ ਦਫਤਰ ਵਿਖੇ ਬੈਠ ਕੇ ਵੋਟਾਂ ਦੇ ਮਿਲਾਨ ਦਾ ਕੰਮ 100 ਫੀਸਦੀ ਪੂਰਾ ਕਰਨਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ.) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 236-237
ਮਿਤੀ 10-09-25

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ:-

1. ਕਾਰਜ ਸਾਧਕ ਅਫਸਰ, ਗੋਨਿਆਣਾ ਮੰਡੀ/ ਭੁੱਚੋ ਮੰਡੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਬੀ.ਐਲ.ਓ. ਲਈ ਲੋੜੀਂਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।
2. ਜਿਲ੍ਹਾ ਸਿੱਖਿਆ ਅਫਸਰ, (ਐਲੀ./ ਸੈਕੰਡਰੀ) ਬਠਿੰਡਾ ਅਤੇ ਸੰਬੰਧਤ ਵਿਭਾਗ ਦੇ ਮੁਖੀਆਂ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਬੀ.ਐਲ.ਓ. ਦੀ ਡਿਊਟੀ ਗੋਨਿਆਣਾ ਮੰਡੀ/ ਭੁੱਚੋ ਮੰਡੀ ਦੇ ਕਰਮਚਾਰੀਆਂ ਨੂੰ ਉਕਤ ਕੰਮ ਮੁਕੰਮਲ ਕਰਨ ਲਈ ਦਫਤਰੀ ਕੰਮ ਤੋਂ ਛੋਟ ਦਿੱਤੀ ਜਾਵੇ ਜੀ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ.) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।



## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 6393 ਮਿਤੀ 10-09-25

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

10/09/25
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।
10/09/25